# ਯੂਸੁਫ਼ ਅਤੇ ਹੋਰਨਾਂ ਨੂੰ ਪਰਮੇਸ਼ੁਰ ਦੀ ਅਜ਼ਾਦ ਕਰਨ ਵਾਲੀ ਕਿਰਪਾ ਪ੍ਰਾਪਤ ਹੋਈ

ਬੱਚਿਆਂ ਦਾ ਸਿੱਖਿਅਕ : ਬੱਚਿਆਂ ਦਾ ਅਧਿਐਨ G3b ਪੜ੍ਹੋ

ਪ੍ਰਾਰਥਨਾ : ''ਸਾਡੇ ਸਵਰਗੀ ਪਿਤਾ, ਸਾਨੂੰ ਯਿਸੂ, ਪਤਰਸ ਅਤੇ ਪੌਲੁਸ ਦੀ ਤਰ੍ਹਾਂ ਸਥਿਰ ਖੜੇ ਹੋਣ ਵਿੱਚ ਮਦਦ ਕਰ, ਜਿਨ੍ਹਾਂ ਨੇ ਮਨੁੱਖਾਂ ਅਤੇ ਰੀਤੀ ਰਿਵਾਜਾਂ ਦਾ ਵਿਰੋਧ ਕੀਤਾ, ਜਿਹੜੀਆਂ ਤੇਰੀ ਅਪਾਰ ਕਿਰਪਾ ਦੇ ਮੁਫ਼ਤ ਬਹਾਵ ਵਿੱਚ ਰੁਕਾਵਟ ਪਾਉਂਦੀਆਂ ਹਨ।

| **1.** ਸਾਡੇ ਪ੍ਰਭੂ ਦੀ ਅਜ਼ਾਦ ਕਿਰਪਾ ਲਈ, ਆਪਣੇ ਨਵਾਂ ਨੇਮ ਕਹਿੰਦਾ ਹੈ | ਦਿਲ ਨੂੰ ਪਰਮੇਸ਼ੁਰ ਦੇ ਵਚਨ ਨਾਲ ਤਿਆਰ ਕਰੋ। ਧਾਰਮਿਕ ਰੀਤੀ ਰਿਵਾਜ ਕਹਿੰਦੇ ਹਨ |
|---|---|
| ਕਿਰਪਾ, ਮਾਫ਼ੀ ਅਤੇ ਸਦੀਪਕ ਜੀਵਨ ਪਰਮੇਸ਼ੁਰ ਦਾ ਉਨ੍ਹਾਂ ਅਯੋਗ ਪਾਪੀਆਂ ਲਈ ਵਰਦਾਨ ਹੈ, ਜਿਹੜੇ ਵਿਸ਼ਵਾਸ ਕਰਦੇ ਹਨ। ਰੋਮੀਆਂ 5:8-21 ਵਿੱਚ ਕਿਰਪਾ ਦੇ ਇਕੱਲੇ ਸਰੋਤ ਬਾਰੇ ਪੜ੍ਹੋ। | ''ਜੇਕਰ ਕਿਰਪਾ ਮੁਫ਼ਤ ਹੈ, ਤਾਂ ਮਸੀਹੀ ਲੋਕ ਸੋਚਣਗੇ ਕਿ ਉਹ ਜੋ ਚਾਹੁਣ ਕਰ ਸਕਦੇ ਹਨ ਅਤੇ ਉਹ ਪਾਪ ਕਰਦੇ ਰਹਿਣਗੇ।'' ਰੋਮੀਆਂ 6:1-14 ਵਿੱਚ ਪੜ੍ਹੋ ਕਿ ਇਹ ਸੱਚ ਹੈ ਜਾਂ ਨਹੀਂ। |
| ਪਰਮੇਸ਼ੁਰ ਦੀ ਭਲਾਈ ਪਾਪੀਆਂ ਨੂੰ ਤੋਬਾ ਵੱਲ ਲੈ ਜਾਂਦੀ ਹੈ, ਰੋਮੀਆਂ 2:4, ਤੀਤੁਸ 2:11-15 ਵਿੱਚ ਪੜ੍ਹੋ ਕਿ ਕਿਹੜੀ ਕਿਰਪਾ ਵਿਸ਼ਵਾਸੀਆਂ ਨੂੰ ਕਰਨ ਵੱਲ ਅਗਵਾਈ ਕਰਦੀ ਹੈ। | ''ਧਾਰਮਿਕ ਆਗੂਆਂ ਨੂੰ ਚੰਗੀ ਵਿਵਸਥਾ ਰੱਖਣ ਲਈ ਕਠੋਰ ਨਿਯਮਾਂ ਨੂੰ ਲਾਗੂ ਕਰਨਾ ਚਾਹੀਦਾ ਹੈ ਅਤੇ ਬਾਈਬਲ ਤੋਂ ਇਲਾਵਾ ਮਨੁੱਖ ਦੀਆਂ ਬਣਾਈਆਂ ਨੀ ਤੀਆਂ ਨਾਲ ਮੰਡਲੀਆਂ ਦਾ ਸੰਚਾਲਨ ਕਰਨਾ ਚਾਹੀਦਾ ਹੈ। |
| ਸ਼ਕਤੀ ਨਿਹਚਾ ਦੁਆਰਾ ਕਿਰਪਾ ਨਾਲ ਹੈ। ਅਫ਼ਸੀਆਂ 2:8-10 ਵਿੱਚੋਂ ਪੜ੍ਹੋ ਕਿ ਸਾਡੀ ਸ਼ਕਤੀ ਕੰਮਾਂ ਦੇ ਨਤੀਜ਼ੇ ਵਜੋਂ ਹੈ ਜਾਂ ਨਹੀਂ | ''ਮੁਕਤੀ ਲਈ ਚੰਗੇ ਕੰਮਾਂ ਦੀ ਲੋੜ ਹੈ। ਤੁਸੀਂ ਪਾਪੀ ਹੋ ਜੇਕਰ ਤੁਸੀਂ ਮੇਰੀ ਸੂਚੀ ਵਿੱਚ ਦਿੱਤੀਆਂ ਗਈਆਂ ਮਨਾਹੀ ਵਾਲੀਆਂ ਅੱਯਾਸ਼ੀਆਂ ਕਰਦੇ ਹੋ।'' |

ਉਤਪਤ 37 ਅਤੇ 39-45 ਅਧਿਆਇਆਂ ਵਿੱਚ ਯੂਸੁਫ਼ ਦੀ ਕਹਾਣੀ ਪੜ੍ਹੋ। ਇੱਕ ਉਦਾਹਰਣ ਲੱਭੋ ਕਿ ਕਿਵੇਂ ਮਸੀਹ ਮੁਫ਼ਤ ਉਨ੍ਹਾਂ ਲੋਕਾਂ ਨੂੰ ਮਾਫ਼ ਕਰਦਾ ਹੈ, ਜਿਨ੍ਹਾਂ ਉਸਦੇ ਵਿਰੁੱਧ ਪਾਪ ਕੀਤਾ ਹੈ, ਜਦੋਂ ਉਹ ਤੋਬਾ ਕਰਦੇ ਹਨ। ਯੂਸੁਫ਼ ਬਹੁਤ ਸਾਰੇ ਢੰਗਾਂ ਵਿੱਚ ਯਿਸੂ ਨਾਲ ਮੇਲ ਖਾਂਦਾ ਹੈ।

ਉਸਦੇ ਪਿਤਾ ਨੇ ਉਸਨੂੰ ਪਿਆਰ ਕੀਤਾ,
ਉਸਦੇ ਭਰਾਵਾਂ ਨੇ ਉਸਨੂੰ ਠੁਕਰਾਇਆ ਅਤੇ
ਉਸਨੂੰ ਵੇਚ ਦਿੱਤਾ। ਕੀਤਾ।
ਉਹ ਅਧਿਕਾਰ ਦੇ ਪਦ ਤੇ ਬੈਠਾ।

ਉਸਨੇ ਉਨ੍ਹਾਂ ਨੂੰ ਮਾਫ਼ ਕੀਤਾ, ਜਿਨ੍ਹਾਂ ਉਸਨੂੰ ਹਾਨੀ ਪਹੁੰਚਾਈ ਸੀ।

ਉਸਨੇ ਆਪਣੇ ਭਰਾਵਾਂ ਲਈ ਸਿਫਾਰਸ਼ ਕੀਤੀ।
ਉਸਨੇ ਆਪਣੇ ਆਪ ਨੂੰ ਦਾਹਵਤ ਵਿੱਚ ਪ੍ਰਗਟ
(ਅਸੀਂ ਵੱਡੀ ਦਾਹਵਤ ਵਿੱਚ ਯਿਸੂ ਦੇ ਚਿਹਰੇ ਨੂੰ ਵੇਖਾਂਗੇ। ਪਰਕਾਸ਼ ਦੀ ਪੋਥੀ 19:6-9, 1 ਯੂਹੰਨਾ 3:2)।
ਉਸਨੇ ਉਨ੍ਹਾਂ ਨੂੰ ਰਹਿਣ ਲਈ ਚੰਗੀ ਜ਼ਮੀਨ ਦਿੱਤੀ

**2.** ਅਗਲੇ ਹਫ਼ਤੇ ਦੀਆਂ ਗਤੀਵਿਧੀਆਂ ਦੀ ਸਹਿਕਰਮੀਆਂ ਨਾਲ ਯੋਜਨਾ ਬਣਾਓ।

ਉਨ੍ਹਾਂ ਵਿਸ਼ਵਾਸੀਆਂ ਅਤੇ ਚਰਵਾਹਿਆਂ ਕੋਲ ਜਾਓ, ਜਿਹੜੇ ਧਾਰਮਿਕ ਨਿਯਮਾਂ ਦੇ ਗੁਲਾਮ ਹਨ, ਅਤੇ ਉਨ੍ਹਾਂ ਨੂੰ ਕਿਰਪਾ ਬਾਰੇ ਦੱਸੋ।

**3. ਆਉਣ ਵਾਲੇ ਅਰਾਧਨਾ ਸਮੇਂ ਬਾਰੇ ਸਹਿਕਰਮੀਆਂ ਨਾਲ ਯੋਜਨਾ ਬਣਾਓ।** (ਅਜਿਹੇ ਉਲੇਖਾਂ ਨੂੰ ਚੁਣੋ ਜਿਹੜੇ ਲੋੜਾਂ ਲਈ ਢੁੱਕਵੇਂ ਹਨ।)

ਯੂਸੁਫ਼ ਦੀ ਕਹਾਣੀ **ਦੱਸੋ** ਅਤੇ ਬਹੁਤ ਸਾਰੇ ਤਰੀਕਿਆਂ ਦੀ ਵਿਆਖਿਆ ਕਰੋ ਕਿ ਉਸਦਾ ਜੀਵਨ ਯਿਸੂ ਦੀ ਕਿਰਪਾ ਦੀ ਉਦਾਹਰਣ ਹੈ।

ਧਾਰਮਿਕ ਰੀਤੀਆਂ ਵਿੱਚੋਂ ''ਸੱਤ ਅਜ਼ਾਦੀਆਂ'' ਦੀ **ਵਿਆਖਿਆ ਕਰੋ**। ਸਾਨੂੰ ਚੰਗੀ ਮੰਡਲੀ ਦਾ ਅਨੰਦ ਮਾਣਨ ਲਈ ਇਨ੍ਹਾਂ ਅਜ਼ਾਦੀਆਂ ਦਾ ਅਭਿਆਸ ਕਰਨਾ ਚਾਹੀਦਾ ਹੈ ਅਤੇ ਮਸੀਹ ਲਈ ਵਿਸਤਰਤ ਅੰਦੋਲਨ ਨੂੰ ਆਗਿਆ ਦੇਣੀ ਚਾਹੀਦੀ ਹੈ।

- ਇੱਕ ਚਿੰਨ੍ਹ ਤਿਆਰ ਕਰੋ ਜਿਸ ਉੱਤੇ ਲਿਖਿਆ ਹੋਵੇ ''ਸ੍ਰੀਮਾਨ, ਰਿਵਾਜ'' ਅਤੇ ਕਿਸੇ ਵਿਅਕਤੀ ਨੂੰ ਇਸਦਾ ਕਿਰਦਾਰ ਅਦਾ ਕਰਨ ਲਈ ਕਹੋ।
- ਦੱਸੋ ਕਿ ''ਸ੍ਰੀਮਾਨ ਰਿਵਾਜ'' ਮਨੁੱਖ ਦੀਆਂ ਬਣਾਈਆਂ ਹੋਈਆਂ ਪਾਬੰਦੀਆਂ ਨੂੰ ਲਾਗੂ ਕਰਦਾ ਹੈ। ਉਹ ਹਰ ਜਗ੍ਹਾ ਤੇ ਹੈ। ਹਰ ਅਜ਼ਾਦੀ ਬਾਰੇ ਪੜ੍ਹਨ ਤੋਂ ਬਾਅਦ, ਸ੍ਰੀਮਾਨ ਰਿਵਾਜ ਤੁਹਾਡੇ ਨਾਲ ਬਹਿਸ ਕਰੇਗਾ। ਉਸਨੂੰ ਸੁਧਾਰਨ ਲਈ ਲੋਕਾਂ ਕੋਲੋਂ ਪੁੱਛੋ।

**(1) ਉਹ ਸਭ ਕੁਝ ਕਰਨ ਦੀ ਅਜ਼ਾਦੀ ਜੋ ਯਿਸੂ ਨੇ ਹੁਕਮ ਕੀਤਾ ਅਤੇ ਉਸਦੇ ਚੇਲਿਆਂ ਨੇ ਉਸ ਤੇ ਅਮਲ ਕੀਤਾ।** ਉਸਦੇ ਹੁਕਮਾਂ ਵਿੱਚ ਸ਼ਾਮਲ ਹੈ, ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਮੁਫ਼ਤ ਕਿਰਪਾ ਅਤੇ ਮਾਫ਼ੀ ਬਾਰੇ ਭਰੋਸਾ ਦਿਵਾਉਣਾ। ਉਨ੍ਹਾਂ ਨੂੰ ਮਨੁੱਖ ਦੀਆਂ ਬਣਾਈਆਂ ਸ਼ਰਤਾਂ ਤੋਂ ਬਿਨ੍ਹਾਂ ਬਪਤਿਸਮਾ ਦੇਣਾ, ਅਤੇ ਜਿੱਥੇ ਕਿਤੇ ਵਿਸ਼ਵਾਸੀ ਇਕੱਠੇ ਹੁੰਦੇ ਹਨ ਪ੍ਰਭੂ ਭੋਜ ਮਨਾਉਣਾ।

**ਸ੍ਰੀਮਾਨ ਰਿਵਾਜ** ਆਪਣੇ ਚਿੰਨ੍ਹ ਨੂੰ ਵਿਖਾਉਂਦਾ ਅਤੇ ਉਸਦੇ ਆਪਣੇ ਸ਼ਬਦਾਂ ਵਿੱਚ ਬਹਿਸ ਕਰਦਾ ਹੈ, ''ਸਿਰਫ ਨਿਯੁਕਤ ਪਾਦਰੀ ਹੀ ਬਪਤਿਸਮਾ ਅਤੇ ਪ੍ਰਭੂ ਭੋਜ ਦੇ ਸਕਦਾ ਹੈ। ਬਪਤਿਸਮਾ ਲੈਣ ਵਾਲੇ ਉਮੀਦਵਾਰਾਂ ਨੂੰ ਇਹ ਸਾਬਿਤ ਕਰਨ ਲਈ ਕਿ ਉਹ ਪਵਿੱਤਰ ਹਨ, ਪਹਿਲਾਂ ਪਾਣੀ ਤੇ ਚੱਲਣਾ ਚਾਹੀਦਾ ਹੈ!''

ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਲਈ ਪੁੱਛੋ। ਫਿਰ ਦੱਸੋ ਕਿ ਅਸੀਂ ਮਨੁੱਖ ਦੀ ਆਗਿਆ ਮੰਨਣ ਤੋਂ ਪਹਿਲਾਂ ਯਿਸੂ ਦੀ ਆਗਿਆ ਮੰਨਣੀ ਹੈ।

- ਰਸੂਲਾਂ ਦੇ ਕਰਤੱਬ 2:38-47 ਵਿੱਚ ਯਰੂਸ਼ਲਮ ਵਿੱਚ ਪਹਿਲੇ ਵਿਸ਼ਵਾਸੀਆਂ ਨੇ ਸ਼ੁਰੂ ਤੋਂ ਯਿਸੂ ਦੀ ਆਗਿਆ ਮੰਨਣਾ ਸ਼ੁਰੂ ਕੀਤਾ।
- ਅਸੀਂ ਉਸਦੇ ਹੁਕਮਾਂ ਨੂੰ 7 ਅਭਿਆਸਾਂ ਵਿੱਚ ਸੰਖੇਪ ਕਰ ਸਕਦੇ ਹਾਂ, ਜੋ ਰਸੂਲਾਂ ਦੇ ਕਰਤੱਬ 2 ਵਿੱਚ 3000 ਨਵੇਂ ਵਿਸ਼ਵਾਸੀਆਂ ਨੇ ਮੰਨੇ।
- ਉਨ੍ਹਾਂ ਤੋਬਾ ਕੀਤੀ ਅਤੇ ਪਵਿੱਤਰ ਆਤਮਾ ਪਾਇਆ, ਉਨ੍ਹਾਂ ਬਪਤਿਸਮਾ ਲਿਆ, ਪ੍ਰਭੂ ਭੋਜ ਖਾਧਾ, ਇੱਕ ਦੂਜੇ ਨੂੰ ਪਿਆਰ ਕੀਤਾ ਜਿਵੇਂ ਕਿ ਉਨ੍ਹਾਂ ਦੀ ਸੰਗਤੀ ਵਿੱਚ ਵੇਖਿਆ ਗਿਆ, ਪ੍ਰਾਰਥਨਾ ਕੀਤੀ, ਦਾਨ ਦਿੱਤਾ ਅਤੇ ਚੇਲੇ ਬਣਾਏ।
- ਪੁੱਛੋ ਕਿ ਮੱਤੀ 28:18-20 ਵਿੱਚ ਯਿਸੂ ਨੇ ਕੀ ਕਿਹਾ, ਜੋ ਉਸਦੇ ਹੁਕਮਾਂ ਨੂੰ ਸਾਰੇ ਮਨੁੱਖੀ ਹੁਕਮਾਂ ਤੋਂ ਉੱਪਰ ਰੱਖਦਾ ਹੈ।

**(2) ਖੋਜੀਆਂ ਦੇ ਘਰਾਂ ਵਿੱਚ ਦਾਖਲ ਹੋਣ, ਸ਼ੁਭ ਸਮਾਚਾਰ ਪ੍ਰਚਾਰ ਕਰਨ ਅਤੇ ਉਸੇ ਵੇਲੇ ਉਨ੍ਹਾਂ ਦੇ ਘਰਾਂ ਵਿੱਚ ਨਵੀਆਂ ਮੰਡਲੀਆਂ ਸ਼ੁਰੂ ਕਰਨ, ਉਨ੍ਹਾਂ ਦੇ ਪਰਿਵਾਰਾਂ ਅਤੇ ਸੱਭਿਆਚਾਰਾਂ ਵਿੱਚ ਕੰਮ ਕਰਨ ਦੀ ਅਜ਼ਾਦੀ।**

- **ਸ੍ਰੀਮਾਨ ਰਿਵਾਜ** ਅਸਹਿਮਤ ਹੁੰਦਾ ਹੈ। ''ਨਵੇਂ ਵਿਸ਼ਵਾਸੀਆਂ ਨੂੰ ਤੁਰੰਤ ਮਿੱਤਰਾਂ ਦੇ ਬੁਰੇ ਪ੍ਰਭਾਵ ਤੋਂ ਵੱਖ ਕਰੋ। ਇੱਕ ਹੋਰ ਨਵੀਂ ਕਲੀਸਿਯਾ ਸ਼ੁਰੂ ਕਰਨ ਤੋਂ ਪਹਿਲਾਂ, ਕਲੀਸਿਯਾ ਨੂੰ ਬਹੁਤ ਸਾਰੇ ਸਾਲਾਂ ਤੱਕ ਸਿਆਣਾ ਹੋਣਾ ਚਾਹੀਦਾ ਹੈ। ਇਸਨੂੰ ਸਾਡੇ ਖੇਤਰੀ ਦਫ਼ਤਰ ਵੱਲੋਂ ਪ੍ਰਵਾਨਗੀ ਦੀ ਲੋੜ ਹੈ, ਅਤੇ ਨਵੇਂ ਪਾਸਟਰ ਨੂੰ ਤਨਖਾਹ ਦੇਣ ਲਈ ਬਹੁਤ ਸਾਰੇ ਮੈਂਬਰਾਂ ਦੀ ਲੋੜ ਹੈ।
- ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਲਈ ਪੁੱਛੋ। ਫਿਰ ਦੱਸੋ ਕਿ ਸਾਨੂੰ ਪਰਿਵਾਰ ਦੇ ਦਾਇਰਿਆਂ ਵਿੱਚ ਕੰਮ ਕਰਨਾ ਚਾਹੀਦਾ ਹੈ। ਯਿਸੂ ਅਤੇ ਉਸਦੇ ਚੇਲਿਆਂ ਨੇ ਅਕਸਰ ਘਰਾਂ ਵਿੱਚ ਜਾ ਕੇ ਲੋਕਾਂ ਨਾਲ ਭੋਜਨ ਕੀਤਾ। ਉਨ੍ਹਾਂ ਪਰਿਵਾਰਾਂ ਅਤੇ ਖੋਜ਼ੀਆਂ ਦੇ ਮਿੱਤਰਾਂ ਦਾ ਉਸੇ ਵੇਲੇ ਹੱਲ ਕੀਤਾ। ਉਹ ਜਿੱਥੇ ਕਿਤੇ ਵੀ ਗਏ ਉਨ੍ਹਾਂ ਮੰਡਲੀਆਂ ਲਈ ਇਮਾਰਤਾਂ ਦੀ ਬਿਨ੍ਹਾਂ ਲੋੜ ਜਾਂ ਤਨਖਾਹ ਦੇਣ ਤੋਂ ਬਿਨ੍ਹਾਂ, ਮੰਡਲੀਆਂ ਨੂੰ ਸ਼ੁਰੂ ਕੀਤਾ।

**(3)** **ਕਾਫ਼ੀ ਛੋਟੇ ਸਮੂਹਾਂ ਵਿੱਚ ਇੱਕ ਦੂਜੇ ਦੀ ਸੇਵਾ ਕਰਨ ਦੀ ਅਜ਼ਾਦੀ ਤਾਂ ਜੋ ਮੈਂਬਰ ਇੱਕ ਦੂਜੇ ਨਾਲ ਗੱਲਬਾਤ ਕਰ ਸਕਣ (1 ਕੁਰਿੰ. 14:24-26)।**

- ਸ੍ਰੀਮਾਨ ਰਿਵਾਜ ਝਗੜਾ ਕਰਦਾ ਹੈ। ''ਸਾਨੂੰ ਸਭ ਕੰਮ ਸੁਸ਼ੀਲਤਾ ਅਤੇ ਕ੍ਰਮ ਅਨੁਸਾਰ ਕਰਨੇ ਚਾਹੀਦੇ ਹਨ। ਕ੍ਰਮ ਉਹੋ ਹੈ ਜੋ ਮੈਂ ਕਹਿੰਦਾ ਹਾਂ! ਸਿਰਫ ਇੱਕ ਪੜ੍ਹੇ ਲਿਖੇ ਪਾਦਰੀ ਨੂੰ ਸਾਰਵਜਨਿਕ ਸਭਾਵਾਂ ਦੀ ਅਗਵਾਈ ਕਰਨੀ ਚਾਹੀਦੀ ਹੈ।''
- ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਲਈ ਪੁੱਛੋ। ਫਿਰ ਦੱਸੋ ਕਿ ਪਰਮੇਸ਼ੁਰ ਸਾਨੂੰ ਹੁਕਮ ਦੇਂਦਾ ਹੈ ਕਿ ਅਸੀਂ ਵੱਖ-ਵੱਖ ਆਤਮਿਕ ਦਾਤਾਂ ਨਾਲ ਇੱਕ ਦੂਜੇ ਦੀ ਸੇਵਾ ਕਰੀਏ। ਸਾਨੂੰ ਗੱਲਬਾਤ ਕਰਨ ਦੀ ਅਜ਼ਾਦੀ ਹੋਣੀ ਚਾਹੀਦੀ ਹੈ ਅਤੇ ਸਮੂਹਾਂ ਨੂੰ ਕਾਫ਼ੀ ਛੋਟੇ ਰੱਖਣਾ ਚਾਹੀਦਾ ਹੈ ਤਾਂ ਜੋ ਹਰ ਕੋਈ ਗੱਲ ਕਰ ਸਕੇ।

**(4)** **ਉਨ੍ਹਾਂ ਆਗੂਆਂ ਨੂੰ ਨਿਯੁਕਤ ਕਰਨ ਦੀ ਅਜ਼ਾਦੀ, ਜਿਹੜੇ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ, ਤਨਖਾਹ ਤੋਂ ਬਿਨ੍ਹਾਂ ਜਾਂ ਨਾਲ ਪੂਰਾ ਕਰਦੇ ਹਨ।**

- ਸ੍ਰੀਮਾਨ ਰਿਵਾਜ ਬਹਿਸ ਕਰਦਾ ਹੈ: ''ਸਾਡੀ ਕਲੀਸਿਯਾ ਮੰਗ ਕਰਦੀ ਹੈ ਕਿ ਪਾਸਟਰਾਂ ਨੂੰ ਨਿਯੁਕਤ ਹੋਣਾ ਚਾਹੀਦਾ ਹੈ। ਸਾਡੀ ਨੀਤੀ ਕਿਤਾਬ ਵਿੱਚ 734 ਸ਼ਰਤਾਂ ਦੀ ਸੂਚੀ ਹੈ, ਜੋ ਉਨ੍ਹਾਂ ਨੂੰ ਪਹਿਲਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ, ਜਿਸ ਵਿੱਚ ਪੇਸ਼ੇਵਰ ਪੜ੍ਹਾਈ ਦੀਆਂ ਡਿਗਰੀਆਂ ਸ਼ਾਮਿਲ ਹਨ।''
- ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਲਈ ਪੁੱਛੋ। ਫਿਰ ਦੱਸੋ ਕਿ ਪੌਲੁਸ ਨੇ ਨਵੀਆਂ ਮੰਡਲੀਆਂ ਦੀ ਰਖਵਾਲੀ ਕਰਨ ਲਈ ਬਜ਼ੁਰਗਾਂ ਨੂੰ ਨਿਯੁਕਤ ਕੀਤਾ ਅਤੇ ਉਨ੍ਹਾਂ ਨੂੰ ਸਿੱਖਿਆ ਦਿੱਤੀ, ਰਸੂਲਾਂ ਦੇ ਕਰਤੱਬ 14:23, ਉਸਨੇ ਤੀਤੁਸ ਨੂੰ ਵੀ ਇਹੋ ਕਰਨ ਲਈ ਕਿਹਾ, ਤੀਤੁਸ 1:5-9

**(5)** **ਪੁਰਾਣੀਆਂ ਕਲੀਸਿਯਾਵਾਂ ਦੇ ਅਭਿਆਸਾਂ ਦੀ ਨਕਲ ਕਰਨ ਤੋਂ ਬਿਨ੍ਹਾਂ, ਵੱਖ-ਵੱਖ ਤਰੀਕਿਆਂ ਨਾਲ ਕੰਮ ਕਰਨ ਦੀ ਅਗਵਾਈ।**

- ਸ੍ਰੀਮਾਨ ਰਿਵਾਜ ਅਸਹਿਮਤ ਹੁੰਦਾ ਹੈ: ''ਸਾਨੂੰ ਸਾਰਿਆਂ ਨੂੰ ਉਹੋ ਤਰੀਕਿਆਂ ਦਾ ਜਿਨ੍ਹਾਂ ਦੀ ਮੈਂ ਪ੍ਰਵਾਨਗੀ ਦੇਂਦਾ ਹਾਂ, ਇਸਤੇਮਾਲ ਕਰਨਾ ਚਾਹੀਦਾ ਹੈ। ਮਸੀਹ ਵਿੱਚ ਏਕਤਾ ਮੰਗ ਕਰਦੀ ਹੈ ਕਿ ਅਸੀਂ ਉਹੋ ਅਭਿਆਸਾਂ ਨਾਲ ਆਪਣੇ ਆਪ ਨੂੰ ਅਨੁਕੂਲ ਬਣਾਈਏ। ਸਾਨੂੰ ਸਾਰਿਆਂ ਨੂੰ ਉਹੋ ਤਰੀਕੇ ਨਾਲ ਵਚਨ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਪਰਮੇਸ਼ੁਰ ਮੰਚ ਤੇ ਗੁਣ ਅਤੇ ਸਰੇਸ਼ਟਤਾ ਦੀ ਮੰਗ ਕਰਦਾ ਹੈ।''
- ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਲਈ ਪੁੱਛੋ। ਫਿਰ ਦੱਸੋ ਕਿ ਅਸੀਂ ਬਹੁਤ ਸਾਰੇ ਤਰੀਕਿਆਂ ਦਾ ਇਸਤੇਮਾਲ ਕਰ ਸਕਦੇ ਹਾਂ, ਜਿਵੇਂ ਯਿਸੂ ਅਤੇ ਉਸਦੇ ਚੇਲਿਆਂ ਨੇ ਕੀਤਾ, ਅਤੇ ਹਰ ਸਮੂਹ ਦੇ ਆਕਾਰ, ਉਨ੍ਹਾਂ ਦੇ ਆਗੂਆਂ ਦੀ ਸਿੱਧਤਾ ਅਤੇ ਸਥਾਨਕ ਰੀਤੀਆਂ ਦੇ ਅਨੁਕੂਲ ਬਣ ਸਕਦੇ ਹਾਂ।

**(6)** **ਚਰਵਾਹਿਆਂ ਦੇ ਸਿੱਖਿਅਕ ਨੂੰ ਉਨ੍ਹਾਂ ਦੇ ਨਵੇਂ ਝੁੰਡਾਂ ਦੀਆਂ ਤਤਕਾਲੀ ਲੋੜਾਂ ਪ੍ਰਤੀ ਜਵਾਬ ਦੇਣ ਦੀ ਅਜ਼ਾਦੀ।**

- ਯਿਸੂ ਨੇ ਕਿਹਾ ਕਿ ਸਿਆਣੇ ਗੁਰੂ ਪੁਰਾਣੀਆਂ ਅਤੇ ਨਵੀਆਂ ਗੱਲਾਂ ਦੱਸਦੇ ਹਨ, ਮੱਤੀ 13:52 ਸਾਨੂੰ ਨਵੇਂ ਆਗੂਆਂ ਨੂੰ ਮਰਜੀਆਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਉਨ੍ਹਾਂ ਅਧਿਐਨਾਂ ਨੂੰ ਚੁਣ ਸੱਕਣ, ਜੋ ਉਨ੍ਹਾਂ ਦੇ ਨਵੇਂ ਝੁੰਡ ਦੀਆਂ ਵਰਤਮਾਨ ਲੋੜਾਂ ਲਈ ਢੁੱਕਵੇਂ ਹਨ।
- ਸ੍ਰੀਮਾਨ ਰਿਵਾਜ ਜ਼ੋਰ ਦੇਂਦਾ ਹੈ: ''ਮੇਰੇ ਸਿੱਖਿਆ ਦੇ ਪ੍ਰੋਗਰਾਮ ਵਿੱਚ ਉੱਚ-ਸਤਰ ਪਾਠ ਕ੍ਰਮ ਸ਼ਾਮਿਲ ਹੈ। ਹਰ ਵਿਦਿਆਰਥੀ ਉਸੇ ਜਗ੍ਹਾ ਸ਼ੁਰੂ ਕਰਦਿਆਂ ਅਤੇ ਉਸੇ ਰਸਤੇ ਤੇ ਚੱਲਦਿਆਂ, ਉਸ ਚੀਜ਼ ਦੀ ਪੜ੍ਹਾਈ ਕਰਦਾ ਹੈ। ਉਹ ਉਨ੍ਹਾਂ ਦੀ ਗਰੈਜੂਏਸ਼ਨ ਅਤੇ ਨਿਯੁਕਤੀ ਤੋਂ ਬਾਅਦ, ਇਹ ਸਭ ਭਵਿੱਖ ਵਿੱਚ ਲਾਗੂ ਕਰਨਗੇ।''
- ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਲਈ ਪੁੱਛੋ। ਫਿਰ ਸਮਝਾਓ ਕਿ ਮਸੀਹ ਨੇ ਵਰਤਮਾਨ ਹਾਲਾਤਾਂ ਅਤੇ ਤਤਕਾਲੀ ਲੋੜਾਂ ਦੇ ਜਵਾਬ ਵਿੱਚ ਸਿਖਾਇਆ। ਪੌਲੁਸ ਨੇ ਤੀਤੁਸ ਨੂੰ ਕਰੇਤੇ ਦੀਆਂ ਨਵੀਆਂ ਮੰਡਲੀਆਂ ਵਿੱਚ ਜਿਸ ਗੱਲ ਦੀ ਕਮੀ ਸੀ, ਉਸਨੂੰ ਇਸਦਾ ਹੱਲ ਕਰਨ ਲਈ ਕਿਹਾ।

**(7)** **ਖ਼ੇਤਰ ਵਿੱਚ ਤੀਤੁਸ ਦੀ ਤਰ੍ਹਾਂ ਕੋਆਰਡੀਨੇਟਰ ਦੇਣ ਦੀ ਆਜ਼ਾਦੀ, ਜੋ ਨਵੀਆਂ ਮੰਡਲੀਆਂ ਦੀ ਦੇਖ ਰੇਖ ਕਰਨਗੇ ਅਤੇ ਚਰਵਾਹਿਆਂ ਨੂੰ ਸਿਖਾਉਣਗੇ, ਜਿਵੇਂ ਤੀਤੁਸ 1:5 ਵਿੱਚ ਪੌਲੁਸ ਨੇ ਤੀਤੁਸ ਨੂੰ ਨਿਰਦੇਸ਼ ਦਿੱਤਾ।**

- ਸ੍ਰੀਮਾਨ ਰਿਵਾਜ ਬਹਿਸ ਕਰਦਾ ਹੈ: ''ਨਵੀਆਂ ਮੰਡਲੀਆਂ ਨੂੰ, ਬਿਸ਼ਪ ਨੂੰ ਛੱਡ ਕੇ, ਜੋ ਹਰ ਪੰਜ ਸਾਲ ਬਾਅਦ ਉਨ੍ਹਾਂ ਕੋਲ ਆਉਂਦਾ ਹੈ, ਆਪਣੇ ਆਪ ਦਾ ਸੰਚਾਲਨ ਕਰਨਾ ਚਾਹੀਦਾ ਹੈ। ਜੇਕਰ ਕਿਸੇ ਨੂੰ ਨਵੀਆਂ ਕਲੀਸਿਯਾਵਾਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ, ਤਾਂ ਮੈਂ ਖ਼ੁਦ ਕਰਾਂਗਾ।''

- ਵਿਸ਼ਵਾਸੀਆਂ ਨੂੰ ਸ੍ਰੀਮਾਨ ਰਿਵਾਜ ਨੂੰ ਸੁਧਾਰਨ ਬਾਰੇ ਪੁੱਛੋ। ਫਿਰ ਸਮਝਾਓ ਕਿ ਨਵੀਆਂ ਮੰਡਲੀਆਂ ਨਵੇਂ ਜਨਮੇ ਬੱਚਿਆਂ ਵਾਂਗਰ ਹਨ, ਜਿਨ੍ਹਾਂ ਕੋਲ ਤਤਕਾਲੀ ਲੋੜਾਂ ਹਨ ਅਤੇ ਉਨ੍ਹਾਂ ਨੂੰ ਪੁਰਾਣੀਆਂ ਮੰਡਲੀਆਂ ਅਤੇ ਆਗੂਆਂ ਦੀ ਲੋੜ ਹੈ। ਪੌਲੁਸ ਕਰੇਤੇ ਵਿੱਚ ਹਰ ਮੰਡਲੀ ਵਿੱਚ ਜਿਸ ਗੱਲ ਦੀ ਘਾਟ ਸੀ, ਉਸਨੂੰ ਪੂਰਾ ਕਰਨ ਲਈ ਹਰ ਮੰਡਲੀ ਵਿੱਚ, ਰਖਵਾਲੀ ਕਰਨ ਵਾਲੇ ਬਜ਼ੁਰਗਾਂ ਨੂੰ, ਨਿਯੁਕਤ ਕਰਨ ਲਈ ਤੀਤੁਸ ਨੂੰ ਛੱਡ ਗਿਆ।

**ਬੱਚਿਆਂ** ਨੂੰ ਉਜਾੜੂ ਪੁੱਤਰ ਬਾਰੇ ਨਾਟਕ ਪੇਸ਼ ਕਰਨ ਲਈ ਕਹੋ। ਉਨ੍ਹਾਂ ਕੋਲ ਕਵਿਤਾ ਹੋ ਸਕਦੀ ਹੈ ਅਤੇ ਉਹ ਨਾਟਕ ਬਾਰੇ ਬਾਲਗਾਂ ਕੋਲੋਂ ਪ੍ਰਸ਼ਨ ਪੁੱਛ ਸਕਦੇ ਹਨ। **ਸਹਾਇਕਾਂ** ਨੂੰ ਜਾਂ ਤਾਂ ਇੱਕ ਜਾਂ ਦੋਵੇਂ ਜ਼ੱਕੀ ਦੀ ਲੂਕਾ 19:1-10, ਅਤੇ ਪਾਪਣ ਔਰਤ, ਲੂਕਾ 7:36-50 ਦੀ ਕਹਾਣੀ ਦੱਸਣ ਜਾਂ ਇਸ ਬਾਰੇ ਨਾਟਕ ਪੇਸ਼ ਕਰਨ ਲਈ ਕਹੋ। ਕਹਾਣੀ ਦੱਸਣ ਤੋਂ ਬਾਅਦ, ਲੋਕਾਂ ਕੋਲੋਂ ਪੁੱਛੋ ਕਿ ਇਹ ਕਿਵੇਂ ਯਿਸੂ ਦੀ ਕਿਰਪਾ ਨੂੰ ਵਿਖਾਉਂਦੀ ਹੈ। **ਵਿਸ਼ਵਾਸੀਆਂ** ਨੂੰ ਕਿਵੇਂ ਉਨ੍ਹਾਂ ਕੋਲ ਪਰਮੇਸ਼ੁਰ ਦੀ ਮਾਫ਼ ਕਰਨ ਵਾਲੀ ਕਿਰਪਾ ਪਹੁੰਚੀ ਹੈ, ਇਸ ਬਾਰੇ ਗਵਾਹੀਆਂ ਦੇਣ ਲਈ ਕਹੋ।

**ਯੂਹੰਨਾ 1:14 ਯਾਦ ਕਰੋ।** ਯਾਦ ਰੱਖੋ ਉਹ ਕੀ ਸੀ, ਜਿਸ ਨਾਲ ਯਿਸੂ ਭਰਪੂਰ ਸੀ।

Copyright 2003 by Paul-Timothy Trainers. May be freely copied. Download from www.Paul-Timothy.net